


# ਪੰਜਾਬੀ ਫ਼ਿਲਮ 'ਚੰਨਾ ਸੱਚੀ ਮੁੱਚੀ' ਪੇਂਡੂ ਜੀਵਨ ਦੀ ਕਹਾਣੀ ਹੈ - ਹਰਿੰਦਰ ਗਿੱਲ

ਬਹਾਦਰ ਡਾਲਵੀ

ਪੰਜਾਬੀ ਫ਼ਿਲਮ ਇੰਡਸਟਰੀ ਵਿਚ ਉਂਗਲਾਂ ਉਪਰ ਗਿਣੇ ਜਾ ਸਕਣ ਵਾਲੇ ਫ਼ਿਲਮ ਨਿਰਦੇਸ਼ਕ ਹਨ, ਜੋ ਆਪਣੀ ਲਗਨ ਅਤੇ ਮਿਹਨਤ ਦੇ ਬਲਬੂਤੇ ਪੰਜਾਬੀ ਫ਼ਿਲਮ ਖੇਤਰ ਵਿਚ ਸਥਾਪਿਤ ਹੋਏ ਹਨ। ਇਨ੍ਹਾਂ ਵਿਚੋਂ ਕਈਆਂ ਨੇ ਬਤੌਰ ਸਹਾਇਕ ਨਿਰਦੇਸ਼ਕ ਤਜ਼ਰਬਾ ਹਾਸਿਲ ਕਰਕੇ ਪੰਜਾਬੀ ਫ਼ਿਲਮਾਂ ਦੀ ਨਿਰਦੇਸ਼ਨਾ ਵਿਚ ਕਾਮਯਾਬੀ ਵੱਲ ਕਦਮ ਵਧਾਏ ਹਨ। ਚਰਚਿਤ ਪੰਜਾਬੀ ਫੀਚਰ ਫ਼ਿਲਮ 'ਤਬਾਹੀ' ਦੀ ਨਿਰਦੇਸ਼ਨਾ ਰਾਹੀਂ ਨਾਮਣਾ ਖੱਟ ਚੁੱਕੇ ਪ੍ਰਸਿੱਧ ਫ਼ਿਲਮਕਾਰ ਸਵਰਗੀ ਜਗਜੀਤ ਗਿੱਲ (ਚੂਹੜਚੱਕ) ਦੇ ਭਤੀਜੇ ਹਰਿੰਦਰ ਗਿੱਲ ਦਾ ਨਾਂਅ ਅਜਿਹੇ ਪੰਜਾਬੀ ਫ਼ਿਲਮ ਨਿਰਦੇਸ਼ਕਾਂ ਦੀ ਕਤਾਰ ਵਿਚ ਆਉਂਦਾ ਹੈ। ਹਰਿੰਦਰ ਗਿੱਲ ਵੱਲੋਂ ਨਿਰਦੇਸ਼ਿਤ 'ਤਬਾਹੀ', 'ਬਗਾਵਤ', 'ਮਹਿੰਦੀ ਵਾਲੇ ਹੱਥ' ਪੰਜਾਬੀ ਫ਼ਿਲਮਾਂ ਨੇ ਚੰਗਾ ਨਾਮਣਾ ਖੱਟਿਆ ਹੈ ਅਤੇ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਬੀਤੇ ਦਿਨੀਂ ਉਸ ਨਾਲ ਹੋਈ ਮੁਲਾਕਾਤ ਦੇ ਅੰਸ਼ ਪੇਸ਼ ਹਨ -

**? ਹਰਿੰਦਰ ਗਿੱਲ ਜੀ ਸਭ ਤੋਂ ਪਹਿਲਾਂ ਆਪਣੇ ਪਰਿਵਾਰਿਕ ਪਿਛੋਕੜ ਬਾਰੇ ਦੱਸੋ?**

- ਮੇਰਾ ਜਨਮ ਪਿਤਾ ਸ. ਹਰਭਜਨ ਸਿੰਘ ਦੇ ਗ੍ਰਹਿ ਮਾਤਾ ਸ੍ਰੀਮਤੀ ਸੁਰਜੀਤ ਕੌਰ ਦੀ ਕੁੱਖੋਂ ਪਿੰਡ ਚੂਹੜਚੱਕ (ਮੌਜੂਦਾ ਜ਼ਿਲ੍ਹਾ ਮੋਗਾ) ਵਿਖੇ ਹੋਇਆ। ਪੰਜਾਬੀ ਫ਼ਿਲਮਾਂ ਦੇ ਉੱਘੇ ਨਿਰਦੇਸ਼ਕ ਅਤੇ ਲੇਖਕ ਸਵਰਗੀ ਜਗਜੀਤ ਗਿੱਲ ਮੇਰੇ ਚਾਚਾ ਜੀ ਸਨ। ਮੇਰੇ ਪਰਿਵਾਰ ਵਿਚ ਦੋ ਭੈਣਾਂ, ਪਤਨੀ ਜਸਵਿੰਦਰ ਕੌਰ ਅਤੇ ਦੋ ਬੱਚੇ ਇਕ ਲੜਕਾ ਤੇ ਇਕ ਲੜਕੀ ਹੈ। ਮੈਂ ਬੀ.ਏ. ਤੱਕ ਪੜ੍ਹਾਈ ਕੀਤੀ ਹੈ।

**? ਫ਼ਿਲਮਾਂ ਦੇ ਸ਼ੌਕ ਨੇ ਬਤੌਰ ਨਿਰਦੇਸ਼ਕ ਕਦੋਂ ਅੰਗੜਾਈ ਲਈ। ਇਸ ਖੇਤਰ ਵਿਚ ਪ੍ਰੇਰਨਾ ਸ੍ਰੋਤ ਕੌਣ ਸੀ?**

- ਕਿਉਂਕਿ ਘਰ ਵਿਚ ਫ਼ਿਲਮੀ ਮਾਹੌਲ ਸੀ। ਮੇਰੇ ਚਾਚਾ ਜੀ ਸਵਰਗੀ ਜਗਜੀਤ ਗਿੱਲ ਨੇ ਫ਼ਿਲਮ 'ਪੁੱਤ ਜੱਟਾਂ ਦੇ' ਰਾਹੀਂ ਉਸ ਸਮੇਂ ਫ਼ਿਲਮ ਖੇਤਰ ਵਿਚ ਪ੍ਰਵੇਸ਼ ਕੀਤਾ। ਕਾਲਜ ਪੜ੍ਹਦੇ ਸਮੇਂ 18-19 ਸਾਲ ਦੀ ਉਮਰ ਵਿਚ ਆਪਣੇ ਚਾਚਾ ਜੀ ਨਾਲ 'ਪੁੱਤ ਜੱਟਾਂ ਦੇ' ਫ਼ਿਲਮ ਦੀ ਸਕਰਿਪਟ ਲਿਖਣ ਵਿਚ ਮਦਦ ਕੀਤੀ। ਉਨ੍ਹਾਂ ਦੀ ਹੀ ਪ੍ਰੇਰਨਾ ਸਦਕਾ ਕਿੱਤੇ ਵਜੋਂ ਅਪਣਾਉਣ ਲਈ ਬਤੌਰ ਸਹਾਇਕ ਨਿਰਦੇਸ਼ਕ ਜਗਜੀਤ ਗਿੱਲ ਜੀ ਨਾਲ 'ਕੀ ਬਣੂ ਦੁਨੀਆਂ ਦਾ', 'ਪਟੋਲਾ' ਅਤੇ 'ਗੱਭਰੂ ਪੰਜਾਬ ਦਾ' ਫ਼ਿਲਮਾਂ ਬਣਾਈਆਂ। ਰਵਿੰਦਰ ਰਵੀ ਨਾਲ 'ਜੱਟ ਜਿਉਣਾ ਮੌੜ' ਤੇ 'ਮਿਰਜਾ ਜੱਟ' ਅਤੇ ਬੂਟਾ ਸਿੰਘ ਸ਼ਾਦ ਨਾਲ 'ਵੈਰੀ' ਫ਼ਿਲਮਾਂ ਦਾ ਨਿਰਦੇਸ਼ਨ ਦਿੱਤਾ।

**? ਕੀ ਇਸ ਖੇਤਰ ਵਿਚ ਨਿਰਦੇਸ਼ਨ ਦਾ ਕੋਈ ਡਿਪਲੋਮਾ ਆਦਿ ਹਾਸਿਲ ਕੀਤਾ?**

- ਫ਼ਿਲਮਾਂ ਦੇ ਨਿਰਦੇਸ਼ਨ ਦੀ ਜਾਣਕਾਰੀ ਬਤੌਰ ਸਹਾਇਕ ਨਿਰਦੇਸ਼ਕ ਹੀ ਗ੍ਰਹਿਣ ਕੀਤੀ। ਫ਼ਿਲਮਾਂ ਦੇ ਤਕਨੀਕੀ ਪੱਖ ਦਾ ਗਿਆਨ ਪੰਜਾਬੀ ਤੇ ਹਿੰਦੀ ਫ਼ਿਲਮਾਂ ਦੇ ਐਡੀਟਰ ਏ. ਹਬੀਬ ਨਾਲ ਬਤੌਰ ਸਹਿ. ਐਡੀਟਰ ਕੰਮ ਕਰਕੇ ਹਾਸਿਲ ਕੀਤਾ।

**? ਬਤੌਰ ਨਿਰਦੇਸ਼ਕ ਆਪਣੀਆਂ ਰਿਲੀਜ਼ ਹੋਈਆਂ ਫ਼ਿਲਮਾਂ ਦੇ ਨਾਂ ਦੱਸੋ?**

- ਬਤੌਰ ਨਿਰਦੇਸ਼ਕ 'ਤਬਾਹੀ', 'ਬਗਾਵਤ' (ਪ੍ਰੋਡਿਊਸਰ ਇਕਬਾਲ ਢਿੱਲੋਂ ਅਤੇ ਡੀ.ਪੀ. ਅਰਸ਼ੀ), 'ਪਿੰਡ ਦੀ ਕੁੜੀ' (ਪ੍ਰੋਡਿਊਸਰ ਇਕਬਾਲ ਢਿੱਲੋਂ) ਅਤੇ 'ਸ਼ਹੀਦੇ-ਏ-ਆਜ਼ਮ' ਹਿੰਦੀ ਫ਼ਿਲਮ ਦਾ ਨਿਰਦੇਸ਼ਨ ਅਤੇ ਡਾਇਲਾਗ ਵੀ ਲਿਖੇ ਹਨ। ਬੀਤੇ ਸਾਲਾਂ ਵਿਚ ਪੰਜਾਬੀ ਫਿਲਮ 'ਮਹਿੰਦੀ ਵਾਲੇ ਹੱਥ' ਨੇ ਭਰਪੂਰ ਨਾਮਣਾ ਖੱਟਿਆ ਹੈ। ਇਸ ਫ਼ਿਲਮ ਦਾ ਮਕਸਦ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਤ ਕਰਨਾਅ ਤੇਸ ਮਾਜਿਕਬ_ਰਾਈਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਫ਼ਿਲਮ ਵਿਚ ਦਾਜ ਪ੍ਰਥਾ, ਜ਼ਮੀਨਾਂ ਉਪਰ ਨਜਾਇਜ਼ ਕਬਜ਼ੇ, ਪ੍ਰਵਾਸੀ ਮਜ਼ਦੂਰਾਂ ਵੱਲੋਂ ਵਧ ਰਹੇ ਅਪਰਾਧ ਅਤੇ ਪਿਆਰ ਦੇ ਚੱਕਰ ਵਿਚ ਜੀਵਨ ਬਰਬਾਦੀ ਤੇ ਨਿੱਘਰ ਰਹੀ ਕਾਨੂੰਨ ਵਿਵਸਥਾ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸ ਫ਼ਿਲਮ ਦਾ ਸਰਕਾਰ ਨੇ ਸੌ ਪ੍ਰਤੀਸ਼ਤ ਟੈਕਸ ਮੁਆਫ਼ ਕਰ ਦਿੱਤਾ ਸੀ ਅਤੇ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

**? ਨਿਰਦੇਸ਼ਨ ਤੋਂ ਬਿਨਾਂ ਮਨ ਦੇ ਵਿਹੜੇ ਵਿਚ ਹੋਰ ਵੀ ਕੋਈ ਸ਼ੌਕ ਪਾਲ੍ਹਿਆ ਹੈ?**

-f ਨਰਦੇਸ਼ਨਤ`f ਬਨਾਂਥ`ੜ੍ਹਾਬ ਹੁਤ ਅਦਾਕਾਰੀ ਦਾ ਸ਼ੌਕ ਸ਼ੁਰੂ ਵਿਚ ਸੀ। 'ਜੱਟ ਜਿਉਣਾ ਮੌੜ' ਤੇ 'ਬਾਗੀ ਸੂਰਮੇ' ਵਿਚ ਕਾਫੀ ਲੰਮਾ ਰੋਲ ਕੀਤਾ ਸੀ। ਫ਼ਿਲਮ ਦੀ ਕਹਾਣੀ ਲਿਖਣ, ਸਕਰੀਨ ਪਲੇ ਅਤੇ ਡਾਇਲਾਗ ਲਿਖਣ ਦਾ ਕਾਰਜ ਵੀ ਅਰੰਭਿਆ ਹੈ। ਫ਼ਿਲਮ 'ਸ਼ਹੀਦ-ਏ-ਆਜ਼ਮ' ਅਤੇ ਪੰਜਾਬੀ ਫੀਚਰ ਫ਼ਿਲਮ 'ਪਿੰਡ ਦੀ ਕੁੜੀ' ਦੇ ਡਾਇਲਾਗ ਵੀ ਮੈਂ ਲਿਖੇ ਹਨ। ਇਸ ਤੋਂ ਇਲਾਵਾ ਪੰਜਾਬੀ ਫੀਚਰ ਫ਼ਿਲਮ 'ਮਹਿੰਦੀ ਵਾਲੇ ਹੱਥ' ਵਿਚ ਬਤੌਰ ਸਟੋਰੀ ਰਾਈਟਰ, ਡਾਇਲਾਗ, ਸਕਰੀਨ ਪਲੇ ਅਤੇ ਨਿਰਦੇਸ਼ਨ ਦੀ ਭੂਮਿਕਾ ਮੈਂ ਹੀ ਨਿਭਾਈ ਹੈ। ਬਤੌਰ ਅਦਾਕਾਰ 'ਜਿਉਣਾ ਮੌੜ' ਅਤੇ 'ਬਾਗੀ ਸੂਰਮੇ' ਫ਼ਿਲਮਾਂ ਵਿਚ ਰੋਲ ਅਦਾ ਕਰ ਚੁੱਕਾ ਹਾਂ।



**? ਪੰਜਾਬੀ ਸਿਨੇਮੇ ਦੇ ਭਵਿੱਖ ਬਾਰੇ ਤੁਹਾਡੇ ਕੀ ਵਿਚਾਰ ਹਨ?**

- ਪੰਜਾਬੀ ਫ਼ਿਲਮਾਂ ਦਾ ਭਵਿੱਖ ਸ਼ੁਰੂ ਤੋਂ ਹੀ ਉਜੱਲਾ ਰਿਹਾ ਹੈ। ਭਾਖੜੀ ਭਰਾਵਾਂ ਨੇ 'ਭੰਗੜਾ', 'ਲੱਛੀ', 'ਜੱਗਾ' ਅਤੇ ਚੌਧਰੀ ਕਰਨੈਲ ਸਿੰਘ (ਬਲੈਕ ਐਂਡ ਵਾਈਟ) ਫ਼ਿਲਮਾਂ ਬਣਾਈਆਂ, ਜੋ ਸੰਗੀਤ ਪ੍ਰਧਾਨ ਫ਼ਿਲਮਾਂ ਸਨ ਜਿਨ੍ਹਾਂ ਦਾ ਸੰਗੀਤ ਸ਼ੋਰ ਸ਼ਰਾਬੇ ਤੋਂ ਰਹਿਤ ਸੀ। ਇੰਦਰਜੀਤ ਹਸਨਪੁਰੀ ਨੇ ਵਰਿੰਦਰ ਨੂੰ ਹੀਰੋ ਲੈ ਕੇ 'ਤੇਰੀ ਮੇਰੀ ਇਕ ਜਿੰਦੜੀ', 'ਸੁੱਖੀ ਪਰਿਵਾਰ' ਤੇ 'ਦਾਜ' ਵਰਗੀਆਂ ਵਧੀਆ ਪੰਜਾਬੀ ਫ਼ਿਲਮਾਂ ਬਣਾਈਆਂ। 'ਚੰਨ ਪ੍ਰਦੇਸੀ', 'ਸਰਪੰਚ', 'ਪੁੱਤ ਜੱਟਾਂ ਦੇ', 'ਮਾਮਲਾ ਗੜਬੜ ਹੈ', 'ਕੀ ਬਣੂ ਦੁਨੀਆਂ ਦਾ', 'ਨਾਨਕ ਦੁਖੀਆ ਸਭ ਸੰਸਾਰ' ਅਤੇ ਇਨ੍ਹਾਂ ਸਾਰੀਆਂ ਤੋਂ ਪਹਿਲਾਂ ਬਣੀ ਧਾਰਮਿਕ ਅਤੇ ਸਮਾਜਿਕ ਫ਼ਿਲਮ 'ਨਾਨਕ ਨਾਮ ਜਹਾਜ ਹੈ' ਨੇ ਪੰਜਾਬੀ ਸਿਨੇਮੇ ਨੂੰ ਉਨੱਤ ਕੀਤਾ। 'ਜਿਉਣਾ ਮੌੜ', 'ਬਦਲਾ ਜੱਟੀ ਦਾ', 'ਤਬਾਹੀ', 'ਮਾਹੀ ਮੁੰਡਾ' ਇਕਬਾਲ ਢਿੱਲੋਂ ਅਤੇ ਜਗਜੀਤ ਗਿੱਲ ਨੇ ਵੀ ਹਿੱਟ ਫ਼ਿਲਮਾਂ ਬਣਾਈਆਂ। ਪ੍ਰੋਡਿਊਸਰ ਇਕਬਾਲ ਢਿੱਲੋਂ ਤੋਂ ਬਾਅਦ ਵਿਚ ਮਨਜੀਤ ਮਾਨ ਅਤੇ ਮਨਮੋਹਨ ਸਿੰਘ ਨੇ ਪੰਜਾਬੀ ਸਿਨੇਮੇ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਗੁਰਦਾਸ ਮਾਨ ਤੇ ਮਨਜੀਤ ਮਾਨ ਦੀ 'ਸ਼ਹੀਦੇ ਮੁਹੱਬਤ ਬੂਟਾ ਸਿੰਘ', 'ਦੇਸ਼ ਹੋਇਆ ਪਰਦੇਸ' ਅਤੇ 'ਵਾਰਿਸ ਸ਼ਾਹ ਇਸ਼ਕ ਦਾ ਵਾਰਿਸ' ਨੇ ਪੰਜਾਬੀ ਸਿਨੇਮੇ ਨੂੰ ਹਿੰਦੀ ਸਿਨੇਮੇ ਦੇ ਹਾਣ ਦਾ ਬਣਾਇਆ ਹੈ। ਦਲਵਿੰਦਰ ਲਿੱਧੜ ਤੇ ਪ੍ਰੀਤ ਪਾਲ ਨੇ 'ਜੀ ਆਇਆਂ ਨੂੰ', 'ਅਸਾਂ ਨੂੰ ਮਾਣ ਵਤਨਾਂ ਦਾ', 'ਦਿਲ ਆਪਣਾ ਪੰਜਾਬੀ', 'ਮਿੱਟੀ ਵਾਜਾਂ ਮਾਰਦੀ' ਅਤੇ ਹੁਣੇ ਰਿਲੀਜ਼ ਹੋਈ ਹਰਭਜਨ ਮਾਨ ਅਤੇ ਨੀਰੂ ਬਾਜਵਾ ਦੀ ਪੰਜਾਬੀ ਫ਼ਿਲਮ 'ਹੀਰ ਰਾਝਾਂ' ਅੱਛੀਆਂ ਫ਼ਿਲਮਾਂ ਬਣਾਈਆਂ ਹਨ। ਅੱਤਵਾਦ ਦੇ ਸਮੇਂ ਜ਼ਰੂਰ ਪੰਜਾਬੀ ਫ਼ਿਲਮਾਂ ਵਿਚ ਖੜੋਤ ਆ ਗਈ ਸੀ। ਲੇਕਿਨ ਅੱਜ ਪ੍ਰੋਡਿਊਸਰ ਪੰਜਾਬੀ ਫ਼ਿਲਮਾਂ ਬਣਾਉਣ ਲਈ ਜੁਟੇ ਹੋਏ ਹਨ।